ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ : ਸਿ :), ਪੰਜਾਬ।
(ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

# ਪਬਲਿਕ ਨੋਟਿਸ

**(3704 ਅਸਾਮੀਆ ਵਿਰੁੱਧ ਸਿਲੈਕਟ ਹੋਏ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਲਈ ਸੱਦਾ)**

1.0 ਸਿੱਖਿਆ ਵਿਭਾਗ, ਪੰਜਾਬ ਵਿਚ ਮਾਸਟਰ ਕਾਡਰ ਦੀਆਂ ਵੱਖ-ਵੱਖ ਵਿਸਿਆ ਦੀਆ 3704 ਅਸਾਮੀਆ ਭਰਨ ਲਈ ਮਿਤੀ 28.02.2020 - 25.10.2020 ਨੂੰ ਇਸਤਿਹਾਰ ਦਿਤਾ ਗਿਆ ਸੀ। ਇਹਨਾਂ ਅਸਾਮੀਆ ਲਈ ਸਿਲੈਕਟ ਹੋਏ ਉਮੀਦਵਾਰਾ ਦੀ ਲਿਸਟ ਮਿਤੀ 25-02-2021 ਅਤੇ ਮਿਤੀ 04-03-2021 ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀ ਗਈ ਸੀ। ਇਹਨਾ ਉਮੀਦਵਾਰਾ ਨੂੰ ਮਿਤੀ 26-02-2021, ਮਿਤੀ 27-02-2021 ਅਤੇ ਮਿਤੀ 05-03-2021 ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

2.0 ਉਪਰੋਕਤ ਦੀ ਲਗਾਤਾਰਤਾ ਵਿਚ ਅਗਲੇ ਸਿਲੈਕਟ ਕੀਤੇ ਉਮੀਦਵਾਰਾ ਦੀ ਲਿਸਟ ਮਿਤੀ 13-03-2021 (ਅੰਗਰੇਜੀ ਅਤੇ ਹਿਸਾਬ) ਅਤੇ ਮਿਤੀ 17-03-2021 (ਪੰਜਾਬੀ, ਹਿੰਦੀ, ਸਮਾਜਿਕ ਸਿਖਿਆ ਅਤੇ ਸਾਇੰਸ) ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕਰ ਦਿੱਤੀ ਗਈ ਹੈ। ਇਹਨਾ ਸਿਲੈਕਟ ਕੀਤੇ ਉਮੀਦਵਾਰਾਂ ਨੂੰ ਨਿਯੁੱਕਤੀ ਪੱਤਰ ਜਾਰੀ ਕੀਤੇ ਜਾਣੇ ਹਨ।

3.0 ਇਹਨਾਂ ਉਮੀਦਵਾਰ ਨੂੰ **ਮਿਤੀ 18-03-2021** ਨੂੰ ਹੇਠਾਂ ਦਰਸਾਏ ਸਮੇ ਅਨੁਸਾਰ ਨਿੱਜੀ ਤੋਰ ਤੇ ਆਪਣਾ ਨਿਯੁਕਤੀ ਪੱਤਰ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਨਾਲ ਨੱਥੀ ਸਵੈ ਘੋਸਣਾ ਪੱਤਰ ਭਰਕੇ ਲੈ ਕੇ ਆਉਣਗੇ ਅਤੇ ਆਪਣੇ ਨਾਲ ਅਪਲਾਈ ਕਰਨ ਦਾ ਸਬੂਤ, ਅਤੇ ਆਪਣਾ ਪਹਿਚਾਣ ਪੱਤਰ ਲੈ ਕੇ **ਕਮੇਟੀ ਕਮਰਾ, ਛੇਵੀਂ ਮੰਜਿਲ, ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ, ਫੇਜ-8, ਐਸ ਏ ਐਸ ਨਗਰ ਵਿਖੇ ਹਾਜਰ ਹੋਣਗੇ :-**

| ਲੜੀ ਨੰ: | ਮਾਸਟਰ ਕਾਡਰ ਦੀ ਅਸਾਮੀ ਦਾ ਵਿਸਾ | ਬੁਲਾਏ ਜਾਣ ਵਾਲੇ ਉਮੀਦਵਾਰਾ ਦਾ ਵੇਰਵਾ | ਸਮਾਂ |
|---|---|---|---|
| 1 | ਪੰਜਾਬੀ | ਸਾਰੇ ਸਿਲੈਕਟਡ ਉਮੀਦਵਾਰ | 9.30 ਵਜੇ |
| 2 | ਹਿੰਦੀ | ਸਾਰੇ ਸਿਲੈਕਟਡ ਉਮੀਦਵਾਰ | 10.30 ਵਜੇ |
| 3 | ਅੰਗਰੇਜੀ | ਸਾਰੇ ਸਿਲੈਕਟਡ ਉਮੀਦਵਾਰ | 11.30 ਵਜੇ |
| 4 | ਹਿਸਾਬ | ਸਾਰੇ ਸਿਲੈਕਟਡ ਉਮੀਦਵਾਰ | 12.30 ਵਜੇ |
| 5 | ਸਾਇੰਸ | ਸਾਰੇ ਸਿਲੈਕਟਡ ਉਮੀਦਵਾਰ | 02.00 ਵਜੇ |
| 6 | ਸਮਾਜਿਕ ਸਿਖਿਆ | ਓਪਨ ਕੈਟੇਗਰੀ ਅਧੀਨ ਸਿਲੈਕਟ ਉਮੀਦਵਾਰ | 03.00 ਵਜੇ |
| 7 | ਸਮਾਜਿਕ ਸਿਖਿਆ | ਬਾਕੀ ਸਾਰੇ ਸਿਲੈਕਟਡ ਉਮੀਦਵਾਰ | 04.00 ਵਜੇ |

4.0 ਜੋ ਉਮੀਦਵਾਰ ਮਿਤੀ 26-02-2021, ਮਿਤੀ 27-02-2021 ਅਤੇ ਮਿਤੀ 05-03-2021 ਨੂੰ ਕਿਸੇ ਕਾਰਨ ਕਰਕੇ ਆਪਣਾਂ ਨਿਯੁਕਤੀ ਪੱਤਰ ਪ੍ਰਾਪਤ ਨਹੀ ਕਰ ਸਕੇ ਉਹਨਾਂ ਉਮੀਦਵਾਰਾਂ ਨੂੰ ਵੀ ਮਿਤੀ 18-03-2021 ਨੂੰ ਸਵੇਰੇ 9.30 ਵਜੇ ਆਪਣਾ ਨਿਯੁਕਤੀ ਪੱਤਰ ਪ੍ਰਾਪਤ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

5.0 ਉਪਰੋਕਤ ਉਮੀਦਵਾਰ ਹਾਜਰ ਹੋਣ ਸਮੇ ਸਰਕਾਰ ਦੀਆਂ ਕੋਵਿਡ-19 ਦੀਆ ਹਦਾਇਤਾਂ ਨੂੰ ਮੱਦੇਨਜਰ ਰੱਖਦੇ ਹੋਏ ਮਾਸਕ ਲਗਾਕੇ ਆਉਣਾ ਅਤੇ ਸੋਸਲ ਡਿਸਟੈਂਸਿੰਗ ਰੱਖਣਾ ਯਕੀਨੀ ਬਣਾਉਣਗੇ। ਜੋ ਵੀ ਉਮੀਦਵਾਰ ਕੋਵਿਡ ਦੀਆ ਹਦਾਇਤਾ ਦੀ ਪਾਲਣਾ ਨਹੀ ਕਰੇਗਾ ਉਸ ਨੂੰ entertain ਨਹੀ ਕੀਤਾ ਜਾਵੇਗਾ।

6.0 ਉਮੀਦਵਾਰ ਉਪਰੋਕਤ ਅਨੁਸਾਰ ਨਿਰਧਰਾਤ ਸਮੇ ਤੇ ਹੀ ਨਿਸਚਿਤ ਸਥਾਨ ਤੇ ਪਹੁੰਚਣਗੇ, ਨਿਰਧਾਰਤ ਸਮੇ ਤੋ ਪਹਿਲਾ ਕਿਸੇ ਉਮੀਦਵਾਰ ਨੂੰ entertain ਨਹੀ ਕੀਤਾ ਜਾਵੇਗਾ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਮਿਤੀ: 17-03-2021